بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 21.06.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰੀ ਸਾਹਾਬੀ ਹਜ਼ਰਤ ਜ਼ੈਦ ਬਿਨ ਹਾਰਸਾ ਰਜ਼ੀ ਅਲੱਾਹ ਅਨਹੁ ਦੇ ਦਿਲ ਖਿਚੱਵੇਂ ਤੇ ਮਨਮੋਹਕ ਸਦਗੁਣਾ ਦਾ ਵਰਨਣ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 21 ਜੂਨ 2019 ਈ. ਨੂੰ ਮਸਜਿਦ ਮੁਬਾਰਕ, ਇਸਲਾਮ ਆਬਾਦ, ਟਿਲਫ਼ੋਰਡ (ਬਰਤਾਨੀਆ) ਵਿੱਚ ਦਿੱਤਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬੀਤੇ ਖ਼ੁਤਬੇ ਵਿੱਚ ਮੈਂ ਕਿਹਾ ਸੀ ਕਿ ਹਜ਼ਰਤ ਜ਼ੈਦ ਬਿਨ ਹਾਰਸਾ ਦੀਆਂ ਕੁਝ ਹੋਰ ਗਲੱਾਂ ਵਰਨਣ ਹੋਣ ਵਾਲੀਆਂ ਹਨ । ਹਜ਼ਰਤ ਜ਼ੈਨਬ ਬਿੰਤ ਹਜਸ਼ ਦੀ ਉਮਰ ਵਿਆਹ ਸਮੇਂ 35 ਸਾਲ ਸੀ ਅਤੇ ਅਰਬ ਦੇ ਹਾਲਾਤਾਂ ਅਨੁਸਾਰ ਇਹ ਉਮਰ ਅਜਿਹੀ ਸੀ ਜਿਸਨੂੰ ਵੱਡੀ ਉਮਰ ਆਖਣਾ ਚਾਹੀਦਾ ਹੈ । ਹਜ਼ਰਤ ਜ਼ੈਨਬ ਇਕ ਅਤਿਅੰਤ ਮੁਤੱਕੀ (ਸੰਜਮੀ) ਤੇ ਨੇਕ ਇਸਤਰੀ ਸਨ । ਹਜ਼ਰਤ ਆਇਸ਼ਾ ਉਹਨਾ ਦੇ ਵਿਅਕਤੀਗੱਤ ਸੰਜਮ ਦੇ ਪਵਿੱਤਰਤਾ ਦੀ ਬਹੁਤ ਪ੍ਰਸ਼ੰਸਕ ਸਨ ਅਤੇ ਅਧਿਕਤਰ ਕਿਹਾ ਕਰਦੀ ਸਨ ਕਿ ਮੈਂ ਜ਼ੈਨਬ ਤੋਂ ਵੱਧ ਨੇਕ ਇਸਤਰੀ ਨਹੀਂ ਦੇਖੀ ਅਤੇ ਇਕ ਇਹ ਕਿ ਉਹ ਬਹੁਤ ਮੁਤੱਕੀ (ਸੰਜਮੀ), ਬਹੁਤ ਸੁਮਾਰਗੀ, ਮਿਹਰਬਾਨ ਤੇ ਦਾਨ ਦੱਖਿਣਾ ਕਰਨ ਵਾਲੀ, ਨੇਕ ਅਤੇ ਇਲਾਹੀ ਕਰਜਾਂ ਵਿੱਚ ਅਤਿਅੰਤ ਸਰਗਰਮ ਸਨ । ਸਦਕਾ (ਦਾਨ) ਤੇ ਖ਼ੈਰਾਤ ਵਿੱਚ ਤਾਂ ਉਹਨਾ ਦਾ ਇਹ ਮਰਤਬਾ ਸੀ ਕਿ ਹਜ਼ਰਤ ਆਇਸ਼ਾ ਰਿਵਾਇਤ ਕਰਦੀ ਹਨ ਕਿ ਇਕ ਵਾਰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਸਾਨੂੰ ਫ਼ਰਮਾਇਆ ਕਿ : اَسۡرَعُکُنَّ لِحَاقًا بِیۡ اَطۡوَلُکُنَّ یَدًا ਅਰਥਾਤ ਤੁਹਾਡੇ ਵਿੱਚੋਂ ਜੋ ਸਭ ਤੋਂ ਲੰਮੇ ਹਥੱਾਂ ਵਾਲੀ ਹੈ ਉਹ ਮੇਰੀ ਮੌਤ ਦੇ ਬਾਦ ਸਭ ਤੋਂ ਪਹਿਲਾਂ ਮਰ ਕੇ ਮੇਰੇ ਕੋਲ ਪਹੁੰਚੇਗੀ । ਹਜ਼ਰਤ ਆਇਸ਼ਾ ਕਹਿੰਦੀ ਹਨ ਕਿ ਅਸੀਂ ਇਸ ਤੋਂ ਜ਼ਾਹਿਰੀ ਹੱਥ ਸਮਝਿਆ ਅਤੇ ਅਸੀਂ ਆਪਣੇ ਹੱਥ ਨਾਪਿਆ ਕਰਦੀ ਸਨ, ਪਰ ਜੱਦ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਬਾਦ ਸਭ ਤੋਂ ਪਹਿਲਾਂ ਜ਼ੈਨਬ ਬਿੰਤ ਹਜਸ਼ ਦੀ ਮੌਤ ਹੋਈ ਤਾਂ ਫਿਰ ਜਾਕੇ ਸਾਡੇ ਉਪੱਰ ਇਹ ਭੇਦ ਖੁੱਲਿਆ ਕਿ ਹੱਥ ਤੋਂ ਭਾਵ ਸਦਕਾ ਖ਼ੈਰਾਤ ਦਾ ਹੱਥ ਸੀ ਨ ਕਿ ਜ਼ਾਹਿਰੀ ਹੱਥ । ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਲਿਖੱਦੇ ਹਨ ਕਿ: ਹਜ਼ਰਤ ਜ਼ੈਨਬ ਬਿੰਤ ਹਜਸ਼ ਦੇ ਵਿਆਹ ਉਪੱਰ ਮਦੀਨੇ ਦੇ ਮੁਨਾਫ਼ਕਾਂ ਵੱਲੋਂ ਬਹੁਤ ਇਤਰਾਜ਼ ਹੋਏ ਅਤੇ ਉਹਨਾ ਨੇ

ਖੁੱਲੇ ਤੌਰ'ਤੇ ਤਾਹਨੇ ਮਿਹਣੇ ਕੀਤੇ ਕਿ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਆਪਣੇ ਪੁਤੱਰ ਦੀ ਤਲਾਕ ਦਿੱਤੀ ਵਹੁਟੀ ਨਾਲ ਵਿਆਹ ਕਰਕੇ ਸੰਭਵਤਾ ਆਪਣੀ ਨੂਹ ਨੂੰ ਆਪਣੇ ਲਈ ਹਲਾਲ ਕਰ ਲਿਆ ਹੈ ਪਰ ਜੱਦ ਇਸ ਵਿਆਹ ਦਾ ਉਦੇਸ਼ ਹੀ ਅਰਬ ਦੀ ਇਸ ਜਾਹਲਾਂ ਵਾਲੀ ਰੀਤ ਨੂੰ ਮਿਟਾਉਣਾ ਸੀ ਤਾਂ ਫਿਰ ਇਹਨਾ ਤਾਹਨਿਆ ਤੇ ਮਿਹਣਿਆ ਦਾ ਸੁਣਨਾ ਵੀ ਜ਼ਰੂਰੀ ਸੀ ।

ਕਜ਼ੂਰ ਅਨਵਰ ਨੇ ਫ਼ਰਮਾਇਆ : ਇਸ ਥਾਂ ਇਹ ਵੀ ਵਰਨਣ ਕਰਨਾ ਜ਼ਰੂਰੀ ਹੈ ਕਿ ਇਬਨੇ ਸਾਅਦ ਅਤੇ ਤਿਬਰੀ ਆਦਿ ਨੇ ਹਜ਼ਰਤ ਜ਼ੈਨਬ ਬਿੰਤ ਹਜਸ਼ ਦੇ ਵਿਆਹ ਬਾਰੇ ਇਕ ਪੂਰਨਤਾ ਗ਼ਲਤ ਤੇ ਬੇ ਬੁਨਿਆਦ ਰਵਿਾਇਤ ਨਕਲ ਕੀਤੀ ਹੈ । ਜੱਦ ਕਿ ਇਹ ਸਾਰੀ ਕਹਾਣੀ ਸਿਰ ਤੋਂ ਪੈਰ੍ਹਾਂ ਤੀਕ ਝੂਠ ਹੈ ਅਤੇ ਖੋਜਕਾਰਾਂ ਨੇ ਇਸ ਕਿੱਸੇ ਨੂੰ ਉਕੱਾ ਹੀ ਝੂਠਾ ਤੇ ਬਣਾਉਟੀ ਦੱਸਿਆ ਹੈ ।

ਇਸ ਬਣਾਉਟੀ ਕਿੱਸੇ ਬਾਰੇ ਇਹ ਗੱਲ ਵੀ ਚੇਤੇ ਰਖੱਣੀ ਚਾਹੀਦੀ ਹੈ ਕਿ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਨੇ ਸੀਰਤ ਖ਼ਾਤਾਮਨੱਬੀਯੀਨ ਵਿੱਚ ਲਿੱਖਿਆ ਹੈ ਕਿ ਇਹ ਜ਼ਮਾਨਾ ਇਸਲਾਮੀ ਇਤਿਹਾਸ ਵਿੱਚ ਉਹ ਜ਼ਮਾਨਾ ਸੀ ਜੱਦ ਕਿ ਮਦੀਨਿ ਦੇ ਮੁਨਾਫ਼ਕ ਪੂਰੇ ਜ਼ੋਰ ਵਿੱਚ ਸਨ ਅਤੇ ਅਬਦੁਲੱਾਹ ਬਿਨ ਅਬੀ ਬਿਨ ਸਲੂਲ ਦੀ ਸਰਦਾਰੀ ਵਿੱਚ ਉਹਨਾ ਵੱਲੋਂ ਇਕ ਬਕਾਇਦਾ ਸਾਜ਼ਸ਼ ਇਸਲਾਮ ਅਤੇ ਇਸਲਾਮ ਦੇ ਬਾਨੀ ਨੂੰ ਬਦਨਾਮ ਕਰਨ ਲਈ ਰਚੀ ਜਾ ਰਹੀ ਸੀ ਅਤੇ ਉਹਨਾ ਦਾ ਤਰੀਕਾ ਇਹ ਸੀ ਕਿ ਝੂਠੇ ਤੇ ਬਣਾਉਟੀ ਕਿੱਸੇ ਘੜ ਘੜਕੇ ਗੁਪਤ ਰੂਪ ਵਿੱਚ ਫੈਲਾਇਆ ਕਰਦੇ ਸਨ । ਇਸੇ ਜ਼ਮਾਨੇ ਦੇ ਨੇੜੇ ਤੇੜੇ ਹਜ਼ਰਤ ਆਇਸ਼ਾ ਦੇ ਵਿਰੁਧ ਆਰੋਪ ਲਾਉਣ ਦੀ ਵੀ ਖ਼ਤਰਨਾਕ ਘਟਨਾ ਵਾਪਰੀ ਅਤੇ ਅਬਦੁਲੱਾਹ ਬਿਨ ਅਬੀ ਬਿਨ ਸਲੂਲ ਅਤੇ ਉਸ ਦੇ ਬੇਈਮਾਨ ਸਾਥੀਆਂ ਨੇ ਇਸ ਝੂਠ ਦਾ ਰਜੱਕੇ ਚਰਚਾ ਕੀਤਾ ਅਤੇ ਅਜਿਹੇ ਢੰਗ ਨਾਲ ਕੀਤਾ ਕਿ ਮੁਸਲਮਾਨਾ ਦਾ ਜੀਣਾ ਤੰਗ ਕਰ ਦਿਤੱਾ ਅਤੇ ਕੁਝ ਕਮਜ਼ੋਰ ਸੁਭਾਉ ਤੇ ਅਣਜਾਣ ਮੁਸਲਮਾਨ ਵੀ ਇਸ ਪ੍ਰਾਪੇਗੰਡਾ ਦਾ ਸ਼ਿਕਾਰ ਹੋ ਗਏ । ਭਾਵ ਇਹ ਸਮਾਂ ਮੁਨਾਫ਼ਕਾਂ ਦੇ ਵਿਸ਼ੇਸ਼ ਜ਼ੋਰ ਦਾ ਸਮਾਂ ਸੀ । ਅਤੇ ਉਹਨਾ ਸਾਰਿਆਂ ਦਾ ਸਭ ਤੋਂ ਵੱਧ ਮਨਭਾਉਂਦਾ ਸ਼ੁਗ਼ਲਾ ਇਹ ਸੀ ਕਿ ਝੂਠੀ ਤੇ ਗੰਦੀਆਂ ਖ਼ਬਰਾਂ ਉਡਾ ਉਡਾਕੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਅਤੇ ਆਪਦੇ ਸੰਬੰਧੀਆਂ ਨੂੰ ਬਦਨਾਮ ਕਰਨ ਅਤੇ ਇਹ ਖ਼ਬਰਾਂ ਅਜਿਹੀ ਹੁਸ਼ਿਆਰੀ ਨਾਲ ਫੈਲਾਈਆਂ ਜਾਂਦੀਆਂ ਸਨ ਕਿ ਕਈ ਵਾਰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਅਤੇ ਆਪਦੇ ਵੱਡੇ ਸਹਾਬੀਆਂ ਨੂੰ ਵਿਸਥਾਰ ਦਾ ਗਿਆਨ ਨਾ ਹੋਣ ਕਰਕੇ ਉਹਨਾ ਨੂੰ ਇਸ ਦੇ ਖੰਡਨ ਦਾ ਮੌਕਾ ਵੀ ਨਹੀਂ ਮਿਲਦਾ ਸੀ ਅਤੇ ਅੰਦਰ ਹੀ ਅੰਦਰ ਉਹਨਾ ਦਾ ਜ਼ਹਿਰ ਫੈਲਦਾ ਜਾਂਦਾ ਸੀ ।

ਹਜ਼ਰਤ ਜ਼ੈਨਬ ਬਿੰਤ ਹਜਸ਼ ਦੇ ਕਿੱਸੇ ਵਿੱਚ ਸਰ ਵਿਲਿਯੱਮ ਮਯੂਰ ਨੇ ਇਹ ਦਿਲ ਦੁਖਾਉਣ ਵਾਲਾ ਮਿਹਣਾ ਵੀ ਕੀਤਾ ਕਿ ਸੰਭਵਤਾ ਵਧੱਦੀ ਹੋਈ ਉਮਰ ਦੇ ਨਾਲ ਨਾਲ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਨਫ਼ਸਾਨੀ ਇਛੱਾਵਾਂ ਵੀ ਵਧੱਦੀਆਂ ਜਾਂਦੀਆਂ ਸਨ (ਨਊਜ਼ ਬਿਲੱਾਹ) । ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਲਿਖੱਦੇ ਹਨ ਕਿ :

ਬੇਸ਼ਕ ਇਹ ਇਕ ਇਤਿਹਾਸਕ ਸਚੱਾਈ ਹੈ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਇਕ ਤੋਂ ਵੱਧ ਵਿਆਹ ਕੀਤੇ ਅਤੇ ਇਹ ਵੀ ਪ੍ਰਤਖ ਇਤਿਹਾਸ ਦਾ ਭਾਗ ਹੈ ਕਿ ਹਜ਼ਰਤ ਖ਼ਦੀਜਾ ਤੋਂ ਬਿਨਾ ਆਪ ਦੇ ਸਾਰੇ ਵਿਆਹ ਉਸ ਜ਼ਮਾਨੇ ਨਾਲ ਸੰਬੰਧ ਰਖੱਦੇ ਹਨ ਜਿਸਨੂੰ ਬੁਢਾਪੇ ਦਾ ਸਮਾਂ ਕਿਹਾ ਜਾ ਸਕਦਾ ਹੈ । ਪਰ ਇਹ ਵਿਚਾਰ ਕਰਨਾ ਕਿ (ਨਊਜ਼ ਬਿਲੱਾਹ) ਆਪ ਦੇ ਇਹ ਵਿਆਹ ਸ਼ਰੀਰਕ ਇਛੱਾਵਾਂ ਦੀਆਂ ਭਾਵਨਾਵਾਂ ਨੂੰ ਪੂਰਾ ਕਰਨ ਲਈ ਸਨ, ਇਕ ਇਤਿਹਾਸਕਾਰ ਦੀ ਸ਼ਾਨ ਤੋਂ ਬਹੁਤ ਦੂਰ ਦੀ ਗੱਲ ਹੈ ਅਤੇ ਇਸ ਸ਼ਰੀਫ਼ ਵਿਅਕਤੀ ਦੀ ਸ਼ਾਨ ਤੋਂ ਦੂਰ ਦੀ ਗੱਲ

ਹੈ । ਮਯੂਰ ਸਾਹਬ ਇਸ ਹਕੀਕਤ ਤੋਂ ਅਣਜਾਣ ਨਹੀਂ ਸਨ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਪੰਝੀ ਸਾਲ ਦੀ ਉਮਰ ਵਿੱਚ ਇਕ ਚਾਲ੍ਹੀ ਸਾਲ ਦੀ ਉਧੇੜ ਉਮਰ ਵਾਲੀ ਵਿਧਵਾ ਇਸਤਰੀ ਨਾਲ ਵਿਆਹ ਕੀਤਾ ਅਤੇ ਫਿਰ ਪੰਜਾਹ ਸਾਲ ਦੀ ਉਮਰ ਤੱਕ ਇਸ ਰਿਸ਼ਤੇ ਨੂੰ ਬਖ਼ੂਬੀ ਵਫ਼ਾਦਾਰੀ ਨਾਲ ਨਿਭਾਇਆ ਕਿ ਜਿਸ ਦੀ ਉਧਾਰਣ ਨਹੀਂ ਮਿਲਦੀ । ਮਯੂਰ ਸਾਹਬ ਇਸ ਇਤਿਹਾਸਕ ਘਟਨਾ ਤੋਂ ਵੀ ਉਕੱਾ ਹੀ ਅਣਜਾਣ ਨਹੀਂ ਸਨ ਕਿ ਜੱਦ ਮੱਕੇ ਵਾਲਿਆਂ ਨੇ ਆਪ ਦੀ ਪ੍ਰਚਾਰਕ ਗਤੀਵਿਧੀਆਂ ਤੋਂ ਤੰਗ ਆਕੇ ਆਪ ਦੇ ਕੋਲ ਅਤਬਾ ਬਿਨ ਰਬੀਆ ਨੂੰ ਇਕ ਜੱਥੇ ਦੇ ਰੂਪ ਵਿੱਚ ਭੇਜਿਆ ਸੀ ਅਤੇ ਆਪ ਨੂੰ ਬਹੁਤ ਜ਼ੋਰਦਾਰ ਬਿਨਤੀ ਤੇ ਜਤਨ ਕੀਤਾ ਸੀ ਕਿ ਆਪ ਆਪਣੇ ਇਹਨਾ ਜਤਨਾ ਤੋਂ ਰੁੱਕ ਜਾਣ ਅਤੇ ਧੰਨ ਦੌਲਤ ਤੇ ਰਾਜ ਦਾ ਮੋਹ ਦੇਣ ਤੋਂ ਬਿਨਾ ਇਕ ਇਹ ਵੀ ਬਿਨਤੀ ਕੀਤੀ ਗਈ ਸੀ ਕਿ ਜੇਕਰ ਆਪ ਕਿਸੇ ਚੰਗੀ ਸਦਰ ਲੜਕੀ ਨਾਲ ਵਿਆਹ ਕਰਕੇ ਸਾਡੇ ਕੋਲੋਂ ਖ਼ੁਸ਼ ਹੋ ਸਕਦੇ ਹਨ ਅਤੇ ਸਾਡੇ ਧਰਮ ਨੂੰ ਬੁਰਾ ਭਲਾ ਆਖਣ ਅਤੇ ਨਵੇਂ ਧਰਮ ਦੇ ਪ੍ਰਚਾਰ ਤੋਂ ਮੁੜ ਸਕਦੇ ਹਨ ਤਾਂ ਆਪ ਜਿਸ ਲੜਕੀ ਨੂੰ ਪਸੰਦ ਕਰਨ ਅਸੀਂ ਉਸ ਨਾਲ ਆਪਦਾ ਵਿਆਹ ਕਰਾ ਦਿੰਦੇ ਹਾਂ । ਉਸ ਸਮੇਂ ਵੀ ਆਪਦੀ ਉਮਰ ਕੋਈ ਬਹੁਤੀ ਨਹੀਂ ਸੀ ਫਿਰ ਸ਼ਰੀਰਕ ਸ਼ਕਤੀ ਵੀ ਬਾਦ ਜ਼ਮਾਨੇ ਦੀ ਤੁਲਨਾ ਵਿੱਚ ਚੰਗੀ ਸੀ ਪਰ ਜੋ ਉੱਤਰ ਆਪ ਸਲਲੱਾਹੁ ਅਲੈਹਿ ਵਸਲਮ ਨੇ ਮੱਕੇ ਦੇ ਰਈਸਾਂ ਦੇ ਇਸ ਨੁਮਾਇੰਦੇ ਨੂੰ ਦਿਤੱਾ ਉਹ ਵੀ ਇਤਿਹਾਸ ਦਾ ਇਕ ਖੁਲੱਾ ਪੰਨ੍ਹਾ ਹੈ ਅਤੇ ਇਹ ਇਤਿਹਾਸਕ ਘਟਨਾ ਵੀ ਮਯੂਰ ਸਾਹਬ ਦੀ ਅਖੱਾਂ ਤੋਂ ਓਹਲੇ ਨਹੀਂ ਸੀ ਕਿ ਮੱਕੇ ਦੇ ਲੋਕ ਆਪਨੂੰ ਆਪਦੇ ਨਬੁਵੱਤ ਦੇ ਦਾਵੇ ਤੋਂ ਪਹਿਲਾਂ ਅਰਥਾਤ ਚਾਲ੍ਹੀ ਸਾਲ ਦੀ ਉਮਰ ਤੱਕ ਇਕ ਚੰਗੇ ਆਚਰਣ ਵਾਲਾ ਮਨੁੱਖ ਜਾਣਦੇ ਸਨ ਪਰ ਇਹਨਾ ਸਾਰਿਆਂ ਪ੍ਰਮਾਣਾ ਦੇ ਹੁੰਦਿਆ ਹੋਇਆਂ ਮਯੂਰ ਸਾਹਬ ਦਾ ਇਹ ਲਿਖੱਣਾ ਕਿ ਪਰਵੰਜਾ (55) ਸਾਲ ਦੀ ਉਮਰ ਦੇ ਬਾਦ ਜੱਦ ਕਿ ਇਕ ਪਾਸੇ ਆਪ ਦੀ ਸ਼ਰੀਰਕ ਤਾਕਤਾਂ ਵਿੱਚ ਸੁਭਾਵਕ ਘਾਟ ਪ੍ਰਕਟ ਹੋਣ ਲੱਗੀ ਸੀ ਅਤੇ ਦੂਜੇ ਪਾਸੇ ਆਪ ਦੇ ਕੰਮ ਤੇ ਜ਼ਿੰਮੇਦਾਰੀਆਂ ਵੱਧ ਗਈਆਂ ਸਨ ਜੋ ਕਿ ਇਕ ਮਸਰੂਫ਼ ਤੋਂ ਮਸਰੂਫ਼ ਮਨੁੱਖ ਦੇ ਕੰਮਾ ਨੂੰ ਵੀ ਮਾਤ ਦਿੰਦੀਆਂ ਹਨ ਤਾਂ ਆਪ ਐਸ਼ ਆਰਾਮ ਵਿੱਚ ਗ੍ਰਿਸੇ ਗਏ । ਇਹ ਨਿਸ਼ਚੇ ਹੀ, ਉਕੱਾ ਹੀ ਗ਼ੈਰ ਪਖੱਪਾਤੀ ਰਿਮਾਰਕ ਨਹੀਂ ਸਮਝਿਆ ਜਾ ਸਕਦਾ । ਨਿਸ਼ਚੇ ਹੀ ਇਹ ਪਖੱਪਾਤ ਨਾਲ ਭਰਿਆ ਹੋਇਆ ਰਿਮਾਰਕ ਹੈ । ਵਿਸ਼ੇਸ਼ ਕਰਕੇ ਜੱਦਕਿ ਇਹ ਇਕ ਇਤਿਹਾਸਕ ਸਚੱਾਈ ਹੈ ਕਿ ਆਪਨੇ ਆਪਣੀ ਜੁਆਨੀ ਦੇ ਦਿਨ ਇਕ ਅਜਿਹੀ ਅਵਸਥਾ ਵਿੱਚ ਲੰਘਾਏ ਜਿਸ ਦੇ ਸਬਬ ਆਪਨੂੰ ਆਪਣੇ ਤੇ ਬਿਗਾਨਿਆਂ ਵੱਲੋਂ 'ਅਮੀਨ' (ਇਮਾਨਦਾਰ) ਦਾ ਸਿਰਲੇਖ ਮਿਲਿਆ ।

ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਬਿਆਨ ਕਰਦੇ ਹਨ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਆਪਣੀ ਭੂਆ ਦੀ ਲੜਕੀ ਦਾ ਨਿਕਾਹ ਜ਼ੈਦ ਨਾਲ ਕਰਾਇਆ, ਪਰ ਇਹ ਸਾਕ ਨੇਪਰੇ ਨ ਚੜ੍ਹਿਆ । ਆਪ ਲਿਖੱਦੇ ਹਨ ਕਿ ਅਸਲ ਗੱਲ ਇਹ ਹੈ ਕਿ ਅਲੱਾਹ ਤਆਲਾ ਇਸ ਗੱਲ ਨੂੰ ਲੋਕਾਂ ਉਪੱਰ ਪ੍ਰਕਟ ਕਰਨਾ ਚਾਹੁੰਦਾ ਸੀ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਨਰੀਨਾ (ਪੁਰੁਸ਼) ਸੰਤਾਨ ਨਹੀਂ ਹੈ ਪਰ ਦੇਸ਼ ਦੇ ਨੀਯਮਾ ਅਨੁਸਾਰ ਆਪਦੀ ਸੰਤਾਨ ਸੀ ਜਿਵੇਂ ਕਿ ਜ਼ੈਦ ਸਨ । ਲੋਕ ਇਹਨਾ ਨੂੰ ਇਬਨੇ ਮੁਹਮੱਦ ਕਿਹਾ ਕਰਦੇ ਸਨ । ਹਜ਼ਰਤ ਜ਼ੈਨਬ ਦੇ ਨਿਕਾਹ ਦੀ ਘਟਨਾ ਨਾਲ ਰੱਬ ਨੇ ਇਹ ਦੱਸਿਆ ਕਿ ਸੰਤਾਨ ਉਹੋ ਹੋਇਆ ਕਰਦੀ ਹੈ ਜੋ ਕੁਦਰਤ ਦੇ ਨੀਯਮਾ ਅਨੁਸਾਰ ਅਰਥਾਤ ਸ਼ਰੀਰਕ ਸੰਤਾਨ ਹੋਵੇ । ਦੇਸ਼ ਦੇ ਕਾਨੂਨਾ ਵਾਲੀ ਸੰਤਾਨ ਹਕੀਕੀ ਸੰਤਾਨ ਨਹੀਂ ਹੁੰਦੀ । ਇਸ ਗੱਲ ਨੂੰ ਸਥਾਪਤ ਕਰਨ ਲਈ ਇੱਕੋ ਇਕ ਇਹ ਤਰੀਕਾ ਸੀ ਕਿ ਹਜ਼ਰਤ ਜ਼ੈਦ ਦੀ ਛੱਡੀ ਹੋਈ ਨਾਲ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਨਿਕਾਹ ਕਰਨ । ਅਲੱਾਹ ਤਆਲਾ ਨੇ ਜ਼ੈਦ ਅਤੇ ਉਸਦੀ ਪਤਨੀ ਦੇ ਮਤਿਭੇਦ ਨੂੰ ਦੂਰ ਨ ਹੋਣ ਦਿਤੱਾ । ਇਲਾਹੀ ਹਿਕਮਤ ਇਹੋ ਸੀ ਕਿ ਜ਼ੈਦ ਆਪਣੀ ਪਤਨੀ ਨੂੰ ਤਲਾਕ ਦੇਵੇ ਅਤੇ ਰਸੂਲੇ ਕਰੀਮ ਸਲਲੱਾਹੁ

ਅਲੈਹਿ ਵਸਲੱਮ ਦੀ ਪਤਨੀਆਂ ਵਿੱਚ ਆ ਜਾਏ ਤਾਂ ਜੋ ਇਹ ਸਾਬਤ ਹੋ ਜਾਏ ਕਿ ਦੇਸ਼ ਦੇ ਕਾਨੂਨ ਦੇ ਪੱਖੋਂ ਹੋਣ ਵਾਲੀ ਸੰਤਾਨ ਕੁਦਰਤ ਦੇ ਪੱਖੋਂ ਹੋਣ ਵਾਲੀ ਸੰਤਾਨ ਦੇ ਤੁਲ ਨਹੀਂ ਹੋ ਸਕਦੀ ।

ਹਜ਼ਰਤ ਜ਼ੈਦ ਬਦਰ, ਉਹਦ, ਖ਼ੰਦਕ, ਹੁਦੈਬੀਆ ਤੇ ਖ਼ੈਬਰ ਦੀ ਜੰਗ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਾਮਲ ਹੋਏ । ਆਪ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਮਾਹਰ ਤੀਰ ਅੰਦਾਜ਼ਾਂ ਵਿੱਚ ਗਿਣੇ ਜਾਂਦੇ ਸਨ । ਜੱਦ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਮਰੀਸੀ ਦੀ ਜੰਗ (ਬਨੂ ਮਸਤਲਕ ਦੀ ਜੰਗ) ਲਈ ਜਾਣ ਲੱਗੇ ਤਾਂ ਹਜ਼ਰਤ ਜ਼ੈਦ ਨੂੰ ਮਦੀਨੇ ਦਾ ਅਮੀਰ ਦਿਯੁਕਤ ਕਰਕੇ ਫ਼ਰਮਾਇਆ । ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਸੀਰਤ ਖ਼ਾਤਾਮਨੱਬੀਯੀਨ ਵਿੱਚ ਲਿਖੱਦੇ ਹਨ ਕਿ ਅਸ਼ੀਰਾਹ ਦੀ ਜੰਗ ਦੇ ਬਾਦ ਹੁਣੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੂੰ ਮਦੀਨੇ ਆਏ ਦੱਸ ਦਿਨ ਵੀ ਨਹੀਂ ਲੰਘੇ ਸਨ ਕਿ ਮੱਕੇ ਦੇ ਇਕ ਰਈਸ ਕਰਜ਼ ਬਿਨ ਜਾਬਰ ਫ਼ਹਰੀ ਦੇ ਕੁਰੈਸ਼ ਦੇ ਇਕ ਜੱਥੇ ਨਾਲ ਅਤਿ ਹੁਸ਼ਿਆਰੀ ਨਾਲ ਮਦੀਨੇ ਦੀਆਂ ਚਰਾਗਾਹ ਉਪੱਰ ਜੋ ਸ਼ਹਿਰ ਤੋਂ ਕੇਵਲ ਤਿੰਨ ਮੀਲ ਦੀ ਦੂਰੀ ਉਪੱਰ ਸੀ ਅਚਨਚੇਤ ਹਮਲਾ ਕਰ ਦਿਤੱਾ ਅਤੇ ਮੁਸਲਮਾਨਾ ਦੇ ਉਠ ਆਦਿ ਲੁਟੱਕੇ ਚਲਦਾ ਬਣਿਆ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੂੰ ਸੂਚਨਾ ਮਿਲੀ ਤਾਂ ਆਪਨੇ ਝੱਟ ਆਪਣੇ ਪਿੱਛੇ ਜ਼ੈਦ ਬਿਨ ਹਾਰਸਾ ਨੂੰ ਅਮੀਰ ਨਿਯੁਕਤ ਕਰਕੇ ਅਤੇ ਮੁਹਾਜਰਾਂ ਦਾ ਇਸ ਜਥੱਾ ਨਾਲ ਲੈਕੇ ਉਸਦਾ ਪਿਛੱਾ ਕੀਤਾ ਅਤੇ ਸਫ਼ਵਾਨ ਤੱਕ ਜੋ ਬਦਰ ਦੇ ਨੇੜੇ ਇਕ ਥਾਂ ਹੈ ਉਸ ਦਾ ਪਿਛੱਾ ਕੀਤਾ, ਪਰ ਉਹ ਬਚੱਕੇ ਨਿਕਲ ਗਿਆ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਬਦਰ ਤੋਂ ਚਲਦੇ ਸਮੇਂ ਜੱਦ ਜੰਗ ਖ਼ਤਮ ਹੋ ਚੁਕੀ ਸੀ ਤਾਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਜ਼ੈਦ ਬਿਨ ਹਾਰਸਾ ਨੂੰ ਮਦੀਨੇ ਵੱਲ ਤੋਰਦਿਆਂ ਹੋਇਆ ਫ਼ਰਮਾਇਆ ਕਿ ਉਹ ਅੱਗੇ ਜਾਕੇ ਮਦੀਨੇ ਵਾਲਿਆਂ ਨੂੰ ਜਿੱਤ ਨੀ ਖ਼ਬਰ ਪਹੁੰਚਾ ਦੇਣ, ਸੋ, ਉਹਨਾ ਦੇ ਆਪ ਸਲਲੱਾਹੁ ਅਲੈਹਿ ਵਸਲੱਮ ਤੋਂ ਪਹਿਲਾਂ ਪਹੁੰਚਕੇ ਮਦੀਨੇ ਵਾਲਿਆਂ ਨੂੰ ਜਿੱਤ ਦੀ ਖ਼ਬਰ ਪਹੁੰਚਾਈ ਜਿਸ ਨਾਲ ਮਦੀਨੇ ਦੇ ਸਹਾਬਾ ਨੂੰ ਜੇਕਰ ਇਕ ਪਾਸੇ ਇਸਲਾਮ ਦੀ ਮਹਾਨ ਫ਼ਤਾਹ ਹੋਣ ਦੇ ਪੱਖੋਂ ਹੱਦ ਦੀ ਖ਼ੁਸੀਂ ਵੀ ਹੋਈ ਅਤੇ ਇਸ ਪੱਖੋਂ ਕਿਸੇ ਹੱਦ ਤੱਕ ਦੁੱਖ ਵੀ ਹੋਇਆ ਕਿ ਇਸ ਮਹਾਨ ਫ਼ਤਾਹ ਦੇ ਜਿਹਾਦ ਵਿੱਚ ਭਾਗ ਲੈਂਣ ਤੋਂ ਵਾਂਜੇ ਰਹੇ ਅਤੇ ਇਸ ਖ਼ੁਸ਼ਖ਼ਬਰੀ ਨੇ ਇਸ ਉਸ ਦੁਖ ਨੂੰ ਵੀ ਦੂਰ ਕਰ ਦਿਤੱਾ ਜੋ ਜ਼ੈਦ ਬਿਨ ਹਾਰਸਾ ਦੇ ਆਉਣ ਤੋਂ ਥੋੜੀ ਦੇਰ ਪਹਿਲਾਂ ਮਦੀਨੇ ਦੇ ਮੁਸਲਮਾਨਾ ਨੂੰ ਸਾਧਾਰਣ ਰੂਪ ਵਿੱਚ ਅਤੇ ਵਿਸ਼ੇਸ਼ ਕਰਕੇ ਹਜ਼ਰਤ ਉਸਮਾਨ ਨੂੰ ਰੁਕਯੱਾ ਬਿੰਤ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੀ ਵਫ਼ਾਤ ਕਰਕੇ ਪਹੁੰਚਿਆ ਸੀ, ਜਿੰਨ੍ਹਾ ਨੂੰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਆਪਣੇ ਪਿੱਛੇ ਬਿਮਾਰ ਛਡੱਕੇ ਬਦਰ ਦੀ ਜੰਗ ਲਈ ਨਿਕਲੇ ਸਨ ਅਤੇ ਜਿਸਦੇ ਸਬਬ ਹਜ਼ਰਤ ਉਸਮਾਨ ਵੀ ਜੰਗ ਵਿੱਚ ਸ਼ਾਮਲ ਨਹੀਂ ਹੋ ਸਕੇ ਸਨ।

ਹਜ਼ਰਤ ਜ਼ੈਦ ਬਿਨ ਹਾਰਸਾ ਦੇ ਇਕ ਸਰਯਹ (ਅਜਿਹਾ ਜਥੱਾ ਜਿਸ ਵਿੱਚ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਆਪ ਸ਼ਾਮਲ ਨਹੀ ਸਨ) ਵਿੱਚ ਜੋ ਜਮਾਦੀ ਉਲ ਆਖ਼ਰ ਸਨ 3 ਹਿਜਰੀ ਵਿੱਚ ਕਰਦਾ ਦੇ ਸਥਾਨ ਵੱਲ ਭੇਜਿਆ ਗਿਆ ਸੀ, ਦਾ ਵਰਨਣ ਕਰਦਿਆਂ ਹੋਇਆਂ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਲਿਖੱਦੇ ਹਨ ਕਿ : ਬਨੂ ਸਲੀਮ ਅਤੇ ਬਨੂ ਗ਼ਤਫ਼ਾਨ ਦੇ ਹਮਲਿਆਂ ਨਾਲ ਕੁਝ ਵਿਹਲ ਮਿਲੀ ਤਾਂ ਮੁਸਲਮਾਨਾਂ ਨੂੰ ਇਕ ਹੋਰ ਖ਼ਤਰੇ ਦੇ ਹੱਲ ਲਈ ਵਤਨ ਵਿੱਚੋਂ ਨਿਕਲਣਾ ਪਿਆ । ਸੋ, ਜਮਾਦੀ ਉਲ ਆਖ਼ਰ ਦੇ ਮਹੀਨੇ ਵਿੱਚ ਆਂਹਜ਼ਰ ਸਲਲੱਾਹੁ ਅਲੈਹਿ ਵਸਲੱਮ ਨੂੰ ਇਹ ਸੂਚਨਾ ਮਿਲੀ ਕਿ ਮੱਕੇ ਦੇ ਕੁਰੈਸ਼ ਦਾ ਇਕ ਵਪਾਰਕ ਜਥੱਾ ਨਜਦੀ ਦੇ ਮਾਰਗ ਰਾਹੀਂ ਲੰਘਣ ਵਾਲਾ ਹੈ । ਇਹਨਾ ਮਾਰਗਾਂ ਉਪੱਰ ਕੁਰੈਸ਼ਾਂ ਦੇ ਮਿਤੱਰ ਵਸਦੇ ਸਨ ਜੋ ਕੁਰੈਸ਼ਾਂ ਵਾਂਗ ਹੀ ਮੁਸਲਮਾਨਾ ਦੇ ਖ਼ੂਨ ਦੇ ਪਿਆਸੇ ਸਨ ਅਤੇ ਜਿੰਨ੍ਹਾ ਨਾਲ ਮਿਲਕੇ ਕੁਰੈਸ਼ ਬਹੁਤ ਆਸਾਨੀ ਨਾਲ ਮਦੀਨੇ ਵਿੱਚ ਗੁਪਤ ਛਾਪੇ ਮਾਰ ਸਕਦੇ ਸਨ । ਕੁਰੈਸ਼

ਨੂੰ ਕਮਜ਼ੋਰ ਕਰਨ ਲਈ ਅਤੇ ਉਹਨਾ ਨੂੰ ਸੁਲਾਹ ਵੱਲ ਲਿਆਉਣ ਦੇ ਉਦੇਸ਼ ਨਾਲ ਜ਼ਰੂਰੀ ਸੀ ਕਿ ਇਸ ਮਾਰਗ ਉਪੱਰ ਉਹਨਾਂ ਜੱਥਿਆਂ ਦੀ ਰੋਕਥਾਮ ਕੀਤੀ ਜਾਏ । ਇਸ ਲਈ ਆਂਹਜ਼ਰਤ ਸਲਲੱਹੁ ਅਲੈਹਿ ਵਸਲਮ ਨੇ ਇਸ ਖ਼ਬਰ ਦੇ ਮਿਲਦਿਆਂ ਹੀ ਆਪਣੇ ਆਜ਼ਾਦ ਕੀਤੇ ਗ਼ੁਲਲਾਮ ਜ਼ੈਦ ਬਿਨ ਹਾਰਸਾ ਦੀ ਸਰਦਾਰੀ ਵਿੱਚ ਆਪਣੇ ਸਹਾਬਾ ਦਾ ਇਕ ਜੱਥਾ ਭੇਜ ਦਿਤੱਾ ।

ਕੁਰੈਸ਼ ਦੇ ਇਸ ਵਪਾਰਕ ਵਪਾਰਕ ਜੱਥੇ ਵਿੱਚ ਅਬੂ ਸੁਫ਼ਯਾਨ ਬਿਨ ਹਰਬ ਅਤੇ ਸਫ਼ਵਾਨ ਬਿਨ ਉਮਯੱਾ ਵਰਗੇ ਰਈਸ ਵੀ ਸਨ । ਜ਼ੈਦ ਨੇ ਅਤਿਅੰਤ ਚੁਸਤੀ ਤੇ ਹੁਸ਼ਿਆਰੀ ਨਾਲ ਆਪਣੇ ਕਰਤਵ ਨੂੰ ਪੂਰਾ ਕੀਤਾ ਅਤੇ ਨਜਦ ਨੇ ਅਸਥਾਨ ਉਪੱਰ ਕਰਦਾ ਵਿੱਚ ਇਹਨਾ ਇਸਲਾਮ ਦੇ ਦੁਸ਼ਮਣਾ ਨੂੰ ਜਾ ਫੜਿਆ ਅਤੇ ਇਸ ਅਚਨਚੇਤ ਹਮਲੇ ਤੋਂ ਘਬਰਾਕੇ ਲੋਕ ਜੱਥੇ ਦੇ ਮਾਲ ਅਤੇ ਜੋ ਉਹਨਾ ਦਾ ਮਾਲ ਦੀ ਉਸ ਨੂੰ ਛਡੱਕੇ ਭੱਜ ਗਏ ਅਤੇ ਜ਼ੈਦ ਬਿਨ ਹਾਰਸਾ ਅਤੇ ਉਹਨਾ ਦੇ ਸਾਥੀ ਇਸ ਸਾਰੇ ਮਾਲੇ ਗ਼ਨੀਮਤ ਦੇ ਨਾਲ ਮਦੀਨੇ ਵਿੱਚ ਸਫ਼ਲਤਾ ਨਾਲ ਪਰਤ ਆਏ ।

ਕਜ਼ੂਰ ਅਨਵਰ ਨੇ ਫ਼ਰਮਇਆ : ਹੁਣ ਮੈਂ ਵਰਨਣ ਕਰਾਂਗਾ ਇਕ ਦੁਖ ਭਰੀ ਖ਼ਬਰ ਦਾ । ਅਜ਼ੀਜ਼ਾਹ ਮਯਰਯੱਮ ਗੁਲ ਜੋ ਮੁਬਾਰਕ ਅਹਮਦ ਸਿੱਦੀਕੀ ਸਾਹਬ ਦੀ ਪੁਤੱਰੀ ਸਨ 17 ਜੂਨ ਨੂੰ 25 ਸਾਲ ਦੀ ਉਮਰ ਵਿੱਚ ਵਫ਼ਾਤ ਪਾ ਗਈ ਹਨ । اناللہواناالیہراجعون ਕੁਝ ਦਿਨ ਪਹਿਲਾਂ ਹੀ ਉਹਨਾ ਦੀ ਬਿਮਾਰੀ ਦਾ ਪਤਾ ਲਗੱਾ ਸੀ ਹਸਪਤਾਲ ਵਿੱਚ ਦਾਖ਼ਲ ਕਰਾਇਆ ਗਿਆ ਪਰ ਰੱਬ ਦੀ ਤਕਦੀਰ ਗ਼ਲਾਬ ਰਹੀ ਅਤੇ ਠੀਕ ਨ ਹੋ ਸਕੀ । ਅਜ਼ੀਜ਼ਾ ਬਾਰੇ ਉਹਨਾ ਦੇ ਮਿਲਣ ਵਾਲਿਆਂ ਨੇ ਇਹੋ ਕਿਹਾ ਹੈ ਕਿ ਬਹੁਤ ਮਿਲਨਸਾਰ ਤੇ ਚੰਗੇ ਆਚਰਣ ਵਾਲੀ ਬੱਚੀ ਸੀ । ਨਮਾਜ਼ਾਂ ਦੀ ਬਹੁਤ ਪਾਬੰਦ ਸੀ । ਹਮਦਰਦ ਤੇ ਸੇਵਾ ਕਰਨ ਵਾਲੀ ਸੀ । ਖ਼ਿਲਾਫ਼ਤ ਨਾਲ ਬਹੁਤ ਪ੍ਰੇਮ ਵਾਲਾ ਸੰਬੰਧ ਸੀ ਅਤੇ ਮਰਹੂਮਾ ਨੇ ਆਪਣੇ ਮਾਂਪਿਆਂ ਤੇ ਪਤੀ ਤੋਂ ਬਿਨਾ ਆਪਣੀ ਯਾਦਗਾਰ ਦੋ ਪੁਤੱਰੀਆਂ ਨਾਯਾਬ ਤੇ ਜ਼ਰਯਾਬ ਛੱਡੀਆਂ ਹਨ । ਨਾਯਾਬ 5 ਸਾਲ ਦੀ ਹੈ ਅਤੇ ਜ਼ਰਯਾਬ ਡੇਢ ਸਾਲ ਦੀ । ਮਰਯੱਮ ਸਲਮਾਨ ਸਾਹਿਬਾ ਮਾਤਾ ਗੁਲ ਮੁਬਾਰਕ ਸਾਹਿਬਾ ਕਹਿੰਦੀ ਹਨ ਕਿ ਪਿਛੱਲੇ ਛੇ ਹਫ਼ਤਿਆਂ ਵਿੱਚ ਤਿੰਨ ਦੁੱਖ ਝਲੱਣੇ ਪਏ । ਗੁਲਮੁਬਾਰਕ ਸਾਹਿਬਾ ਦੇ ਇਕ ਭਾਈ ਦੀ ਵਫ਼ਾਤ ਹੋਈ ਫਿਰ ਇਕ ਭੈਣ ਫ਼ੌਤ ਹੋ ਗਈ ਅਤੇ ਹੁਣ ਉਹਨਾ ਦੀ ਪੁਤੱਰੀ ਅਲੱਾਹ ਨੂੰ ਪਿਆਰੀ ਹੋ ਗਈ । ਰੱਬ ਇਹਨਾ ਨੂੰ ਸਬਰ, ਸ਼ਾਂਤੀ ਤੇ ਹੌਂਸਲਾ ਪ੍ਰਦਾਨ ਕਰੇ । ਮਰਯੱਮ ਸਲਮਾਨ ਸਾਹਿਬਾ ਆਪਣੀ ਜਮਾਤ ਐਬਸਮ ਵਿੱਚ ਸੈਕ੍ਰੇਟਰੀ ਨੌਮੁਬਾਆਤ ਸਨ । ਬਹੁਤ ਹਸਮੁੱਖ ਤੇ ਲੋੜਵੰਦਾ ਦੀ ਮਦਦ ਕਰਨ ਵਾਲੀ ਸੀ । ਇਹਨਾ ਦੇ ਹਲਕੇ ਦੀ ਸਦਰ ਲਜਨਾ ਲਿਖੱਦੀ ਹਨ ਕਿ ਅਜ਼ੀਜ਼ਾ ਮਰਯੱਮ ਸਲਮਾਨ ਸੈਕ੍ਰੇਟਰੀ ਨੌਮੁਬਾਆਤ ਦੇ ਰੂਪ ਵਿੱਚ ਬਹੁਤ ਚੰਗਾ ਤੇ ਉਧਾਰਣੀ ਕੰਮ ਕਰ ਰਹੀ ਸਨ ਅਤੇ ਨਵੀਆਂ ਅਹਮਦੀ ਹੋਣ ਵਾਲੀਆਂ ਇਸਤਰੀਆਂ ਨਾਲ ਅਜਿਹਾ ਪਿਆਰ ਵਾਲਾ ਸੰਬੰਧ ਸਥਾਪਤ ਰਖੱਦੀ ਸਨ ਕਿ ਨਵੀਆਂ ਅਹਮਦੀ ਇਸਤਰੀਆਂ ਨੂੰ ਜਮਾਤ ਦੇ ਨਿਜ਼ਾਮ ਨਾਲ ਆਪਣੇ ਆਪ ਪ੍ਰੇਮ ਪੈਦਾ ਹੋ ਜਾਂਦਾ ਸੀ । ਇਕ ਨਵੀਂ ਅਹਮਦੀ ਅੰਦਲੀਪ ਸਾਹਿਬਾ ਕਹਿੰਦੀ ਹਨ ਕਿ ਮੇਰੇ ਵਿਚਾਰ ਵਿੱਚ ਹਰ ਸੈਕ੍ਰੇਟਰੀ ਨੌਮੁਬਾਇ ਨੂੰ ਮਰਯੱਮ ਵਾਂਗ ਹੋਣਾ ਚਾਹੀਦਾ ਹੈ ਕਿਉਂਕਿ ਮੈਂਨੂੰ ਚੇਤੇ ਹੈ ਕਿ ਜੱਦ ਪਹਿਲੀ ਮੁਲਾਕਾਤ ਮਰਯੱਮ ਨਾਲ ਹੋਈ ਤਾਂ ਉਹ ਐਨ੍ਹੇ ਪਿਆਰ ਦੇ ਪ੍ਰੇਮ ਨਾਲ ਮਿਲੀ ਮੈਂਨੂੰ ਗਲੇ ਨਾਲ ਲਾਇਆ । ਮੈਂਨੂੰ ਲੱਗਿਆ ਕਿ ਇਕ ਪਿਆਰ ਕਰਨ ਵਾਲੀ ਭੈਣ ਮਿਲ ਗਈ ਹੈ । ਉਹ ਮੇਰੇ ਘਰ ਵਿੱਚ ਮੇਰੇ ਲਈ ਅਤੇ ਮੇਰੇ ਬੱਚਿਆਂ ਲਈ ਛੋਟੇ ਛੋਟੇ ਗਿਫ਼ਟ ਲੈਕੇ ਆਇਆ ਕਰਦੀ ਸਨ । ਫ਼ੋਨ ਰਾਹੀਂ ਮੁਲਾਕਾਤ ਰਾਹੀਂ ਹਰ ਸਮੇਂ ਮੇਰੇ ਨਾਲ ਰਾਬਤੇ ਵਿੱਚ ਰਹਿੰਦੀ ਸਨ। ਮਿਤੱਰਾਂ ਤੇ ਲੋਕਾਂ ਵਿੱਚ ਗਲੱਾਂ ਗਲੱਾਂ ਵਿੱਚ ਅਧਿਕਤਰ ਖ਼ਿਲਾਫ਼ਤ ਦੀਆਂ ਬਰਕਤਾਂ ਅਤੇ ਜਮਾਤ ਦੇ ਨਿਜ਼ਾਮ ਦੀਆਂ ਗੱਲਾਂ ਬਾਰੇ ਦਸਦੀ ਰਹਿੰਦੀ ਸਨ ਨੌਮੁਬਾਆਤ ਦੀ ਵੱਧੀਆਂ ਮਿਤੱਰ ਬਣਦੀ ਸਨ । ਉਹਨਾ ਦੀ ਮਦਦ ਕਰਦੀ ਸਨ

ਜਿਸ ਨਾਲ ਜਮਾਤ ਦੇ ਪ੍ਰੋਗਰਾਮਾ ਵਿੱਚ ਜਾਣ ਦਾ ਸ਼ੌਕ ਪੈ ਗਿਆ ਅਤੇ ਹੁਣ ਇਹ ਨੌਮੁਬਾਇ ਕਹਿੰਦੀ ਹਨ ਕਿ ਇਸੇ ਦੀ ਤਰਬੀਯਤ ਕਰਕੇ ਹੁਣ ਮੈਂ ਇਸ ਹਲਕੇ ਦੀ ਜਨਰਲ ਸੈਕ੍ਰੇਟਰੀ ਬਣ ਚੁਕੀ ਹਾਂ ਅਤੇ ਆਪਣੇ ਸਾਧਾਰਣ ਜੇਬ ਖਰਚੇ ਵਿੱਚੋਂ ਬਚਤ ਕਰਕੇ ਉਹ ਕਾਰ ਸੇਵਾ ਵੀ ਕਰਦੀ ਰਹਿੰਦੀ ਹਨ ।

ਅਜ਼ੀਜ਼ਾ ਮਰਯੱਮ ਦੇ ਪਿਤਾ ਲਿਖੱਦੇ ਹਨ । ਬਹੁਤ ਬਕਾਇਦਗੀ ਨਾਲ ਖ਼ੁਤਬੇ ਸੁਣਦੇ ਸੀ, ਹਰ ਕੰਮ ਵਿੱਚ ਦੀਨ ਨੂੰ ਦੁਨੀਆ ਉਪੱਰ ਪਹਿਲ ਦਿੰਦੀ ਸੀ । ਵਫ਼ਾਤ ਤੋਂ ਦੋ ਦਿਨ ਪਹਿਲਾਂ ਮਜਲਿਸੇ ਸ਼ੂਰਾ ਸੀ ਅਤੇ ਮਰਯੱਮ ਆਈ ਸੀ ਯੂ ਵਿੱਚ ਸੀ । ਮੈਂ ਉਸ ਨੂੰ ਕਿਹਾ ਕਿ ਮੈਂ ਸ਼ੂਰਾ ਤੋਂ ਆਗਿਆ ਲੈ ਲੈਂਦਾ ਹਾਂ। ਪਰ ਮਰਯੱਮ ਕਹਿਣ ਲੱਗੀ ਕਿ ਨਹੀਂ ਆਪ ਮੇਰੀ ਚਿੰਤਾ ਨ ਕਰਨ ਅਤੇ ਮੇਰੇ ਕਰਕੇ ਜਮਾਤ ਦਾ ਪ੍ਰੋਗਰਾਮ ਨਹੀਂ ਛਡੱਣਾ ਅਤੇ ਸ਼ੂਰਾ ਵਿੱਚ ਸ਼ਾਮਲ ਹੋਣ । ਕਿਉਂਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਅਸੀਂ ਇਹੋ ਪ੍ਰਣ ਕੀਤਾ ਹੋਇਆ ਹੈ ਕਿ ਦੀਨ ਨੂੰ ਦੁਨੀਆ ਉਪੱਰ ਪਹਿਲ ਦੇਣੀ ਹੈ । ਸੈਂਟ ਜਾਰ ਜਿਸ ਹਸਪਤਾਲ ਵਿੱਚ ਇਹ ਦਾਖ਼ਲ ਸਨ, ਓਥੇ ਇਹਨਾ ਦੀ ਨਰਸ ਕਹਿੰਦੀ ਹਨ ਕਿ ਮਰਯੱਮ ਨਾਲ ਗੱਲ ਕਰਕੇ ਮੈਂਨੂੰ ਲਗੱਦਾ ਸੀ ਕਿ ਮੈਂ ਕਿਸੇ ਫ਼ਰਿਸ਼ਤੇ ਨਾਲ ਮਿਲ ਰਹੀ ਹਾਂ । ਹਮੇਸ਼ਾ ਸਲਾਮ ਕਰਨ ਅਤੇ ਦੂਜਿਆਂ ਦਾ ਹਾਲ ਪੁਛੱਣ ਵਿੱਚ ਪਹਿਲ ਕਰਦੀ ਸਨ । ਹਮੇਸ਼ਾ ਦੂਜਿਆਂ ਵਿੱਚ ਚੰਗੀਆਂ ਗਲੱਾਂ ਦੀ ਭਾਲ ਕਰਦੀ ਸਨ ਅਤੇ ਫਿਰ ਉਹਨਾ ਦੀਆਂ ਚੰਗੀਆਂ ਗਲੱਾਂ ਨੂੰ ਐਪ੍ਰੀਸੀਏਟ (appreciate) ਕਰਦੀ ਸਨ ਹਮੇਸ਼ਾ ਉਸਦੇ ਚਿਹਰੇ ਓਪੱਰ ਮੁਸਕਰਾਹਟ ਹੁੰਦੀ ਸੀ । ਰੱਬ ਉਪੱਰ ਬਹੁਤ ਭਰੋਸਾ ਕਰਨ ਵਾਲੀ ਅਤੇ ਰੱਬ ਦੀਆਂ ਨੇਮਤਾਂ ਦਾ ਸ਼ੁਕਰ ਕਰਨ ਵਾਲੀ ਬੱਚੀ ਸੀ । ਅਲੱਾਹ ਤਆਲਾ ਉਸ'ਤੇ ਰਹਿਮ ਕਰੇ ਅਤੇ ਬਖ਼ਸ਼ਿਸ਼ ਦਾ ਵਰਤਾਉ ਕਰੇ ਅਤੇ ਜਿਵੇਂ ਇਸ ਬੱਚੀ ਨੇ ਆਪਣੇ ਰੱਬ ਤੋਂ ਆਸ ਰੱਖੀ ਸੀ ਰੱਬ ਉਸ ਤੋਂ ਵਧੱਕੇ ਆਪਣੇ ਪਿਆਰ ਦਾ ਇਸ ਨਾਲ ਸੁਲੂਕ ਕਰੇ ਅਤੇ ਆਪਣੇ ਪਿਆਰ ਦੀ ਕੁਛੱੜ ਵਿੱਚ ਲੈ ਲਏ, ਇਸ ਦੇ ਦਰਜੇ ਬੁਲੰਦ ਕਰਦਾ ਚਲਾ ਜਾਏ ਅਤੇ ਇਸ ਦੀਆਂ ਬੱਚੀਆਂ ਨੂੰ ਵੀ ਹਮੇਸ਼ਾ ਆਪਣੀ ਸੁਰੱਖਿਆ ਤੇ ਪਨਾਹ ਵਿੱਚ ਰੱਖੇ ਅਤੇ ਉਹ ਸਾਰੀਆਂ ਦੁਆਵਾਂ ਜੋ ਉਸਨੇ ਆਪਣੀਆਂ ਬੱਚੀਆਂ ਲਈ ਕੀਤੀਆਂ ਹਨ ਅਲੱਾਹ ਉਹਨਾਂ ਨੂੰ ਕੁਬੂਲ ਫ਼ਰਮਾਏ । ਉਸਦੇ ਮਾਂਪਿਆਂ ਨੂੰ ਵੀ ਸਬਰ ਤੇ ਹੌਂਸਲਾ ਪ੍ਰਦਾਨ ਕਰੇ ਉਹ ਵੀ ਰੱਬ ਦੀ ਰਜ਼ਾ'ਤੇ ਕਾਮਲ ਭਰੋਸੇ ਨਾਲ ਰਾਜ਼ੀ ਹੋਣ ਅਤੇ ਉਸਦੀ ਬੱਚੀਆਂ ਦੀ ਉਧਾਰਣੀ ਪਾਲਣਾ ਕਰਨ ਵਾਲੇ ਹੋਣ ਅਤੇ ਉਹਨਾ ਦੀ ਮਦਦ ਕਰਨ ਵਾਲੇ ਹੋਣ । ਉਹਨਾ ਦੇ ਪਤੀ ਨੂੰ ਵੀ ਬੱਚੀਆਂ ਲਈ ਮਾਂ ਤੇ ਬਾਪ ਦੋਹਾਂ ਦਾ ਪਿਅਰ ਦੇਣ ਵਾਲਾ ਬਣਾਏ । ਅਲੱਾਹ ਤਆਲਾ ਦਰਜਿਆਂ ਨੂੰ ਬੁਲੰਦ ਕਰਦਾ ਰਹੇ ।

★★★★ ਖ਼ੁਤਬਾ ਸਾਨੀਆ ★★★★

**Khulasa Khutba Jumma 21.06.2019**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131